**ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:) ਪੰਜਾਬ**
**ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ.ਨਗਰ**
**(ਗ੍ਰਾਂਟ-ਕਮ-ਪੈਨਸ਼ਨ 1 ਸ਼ਾਖਾ)**

**ਹੁਕਮ ਨੰ:** 05/43-2018 **ਗ੍ਰਾਂਟ** ਪੈਨ. - 1 (3) **ਮਿਤੀ : ਐਸ.ਏ.ਐਸ ਨਗਰ :** 27.06.2019

**ਵਿਸ਼ਾ :** ਜਿਲਾ ਲੁਧਿਆਣਾ ਦੇ ਪੱਕੇ ਤੌਰ ਤੇ ਮਾਨਤਾ ਪ੍ਰਾਪਤ ਪ੍ਰਾਈਵੇਟ ਪ੍ਰਬੰਧ ਅਧੀਨ ਸਹਾਇਤਾ ਪ੍ਰਾਪਤ ਸੈਕੰਡਰੀ ਸਕੂਲਾਂ ਨੂੰ ਤਦ ਅਰਥ ਆਧਾਰ ਤੇ ਨਿਰਬਾਹ ਸੰਭਾਲ ਗਰਾਂਟ ਦੀ ਅਦਾਇਗੀ ਬਾਬਤ ਸਮਾਂ ਮਾਰਚ 2019 ਦੀ ਤਨਖਾਹ ਵਿਵਰਣ ਸੂਚੀ ਅਨੁਸਾਰ ਵਿੱਤੀ ਸਾਲ 2019-2020।

ਸਿਖਿਆ ਕਮਿਸਨਰ ਅਤੇ ਸਕੱਤਰ ਪੰਜਾਬ ਸਰਕਾਰ ਦੁਆਰਾ ਉਨਾਂ ਦੇ ਯੂ.ਓ.ਨੰ: 3 ਸਿ 2/ 66-21/23865 ਮਿਤੀ 5-7-1967 ਰਾਹੀਂ ਸੌਂਪੇ ਗਏ ਅਖਤਿਆਰਾ ਦੀ ਵਰਤੋਂ ਕਰਦੇ ਹੋਏ ਪੰਜਾਬ ਵਿੱਤੀ ਨਿਯਮਾਵਲੀ ਜਿਲਦ-1 ਦੇ ਨਿਯਮ 19.9 ਦੇ ਉਪ ਨਿਯਮ 5 ਤਹਿਤ ਜਿਲਾ ਲੁਧਿਆਣਾ ਦੇ ਪ੍ਰਾਈਵੇਟ ਪ੍ਰਬੰਧ ਅਧੀਨ ਪੱਕੇ ਤੌਰ ਤੇ ਮਾਨਤਾ ਪ੍ਰਾਪਤ ਸੈਕੰਡਰੀ ਸਕੂਲਾਂ ਨੂੰ ਜਿਵੇਂ ਕਿ ਵਿਵਰਣ ਸੂਚੀ ਵਿੱਚ ਦਰਜ ਹਨ ਨੂੰ ਰਕਮ **18,90,753/- (ਕੇਵਲ ਅਠਾਰ੍ਹਾਂ ਲੱਖ ਨੱਬੇ ਹਜਾਰ ਸੱਤ ਸੌ ਤਰਵੰਜਾ ਰੁਪਏ)** ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਹ ਰਕਮ ਸਕੂਲਾਂ ਦੇ ਕਾਰਸਪਾਡੇਂਟਾਂ ਵਲੋਂ ਮਾਲੀ ਸਾਲ 2019-20 ਦੇ ਖਤਮ ਹੋਣ ਦੇ ਪਹਿਲਾਂ ਪਹਿਲਾਂ ਕਢਵਾ ਲਈ ਜਾਵੇ।

1. ਸਹਾਇਤਾ ਪ੍ਰਾਪਤ ਗਰਾਂਟ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਵਲੋਂ ਲੇਖਾ ਆਡਿਟ ਵਿਭਾਗ ਵਲੋਂ ਚੈਕ ਕਰਵਾਏ ਜਾਣ ।
2. ਇਸ ਦਫਤਰ ਦੇ ਮੀਮੋ ਨੰ: 135 (ਜੀ.ਗਰਾਂਟ 1/40-66 (4)-68 ਮਿਤੀ 22-2-68 ਵਿੱਚ ਦਰਜ ਹਦਾਇਤਾਂ ਮੁਤਾਬਿਕ ਇਸ ਗਰਾਂਟ ਦੀ ਵਰਤੋਂ ਕੀਤੀ ਜਾਵੇ ।
3. ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ. 1/40/2012 4ਸਿੱਖਿਆ 3/ 1830-32 ਮਿਤੀ 24.07.2012 ਅਨੁਸਾਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪ੍ਰੈਲ ਤੋਂ ਸਤੰਬਰ ਤੱਕ ਦੇ ਵਰਤੋਂ ਸਰਟੀਫਿਕੇਟ 31 ਅਕਤੂਬਰ ਤੱਕ, ਅਕਤੂਬਰ ਤੋਂ ਦਸੰਬਰ ਤੱਕ ਦੇ ਵਰਤੋਂ ਸਰਟੀਫਿਕੇਟ 28 ਫਰਵਰੀ ਅਤੇ ਜਨਵਰੀ ਤੋਂ ਮਾਰਚ ਤੱਕ ਦੇ ਵਰਤੋਂ ਸਰਟੀਫਿਕੇਟ 30 ਅਪ੍ਰੈਲ ਤੱਕ ਇਸ ਡਾਇਰੈਕਟੋਰੇਟ ਵਿਖੇ ਭੇਜਣਗੇ। ਇਹ ਗ੍ਰਾਂਟ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਸਕੂਲਾਂ ਦੇ ਸਬੰਧਤ ਕਾਰਸਪਾਡੈਂਟ/ ਖਜਾਨੇ ਦੇ ਨਾਂ ਤੇ ਜਾਰੀ ਕਰਨਗੇ। ਵਰਤੋਂ ਸਰਟੀਫਿਕੇਟ ਸਮੇਂ ਸਿਰ ਨਾ ਜਾਰੀ ਕਰਨ ਦੀ ਸੂਰਤ ਵਿੱਚ ਦੇਰੀ ਦੀ ਜਿੰਮੇਵਾਰੀ ਜਿਲ੍ਹਾ ਸਿੱਖਿਆ ਅਫਸਰਾਂ ਦੀ ਹੋਵੇਗੀ।
4. ਭਵਿਖ ਦੀਆਂ ਪ੍ਰਵਾਨਗੀਆਂ ਤੇ ਉਚਿਤ ਦੇਣਦਾਰੀਆਂ ਲਾਈਬਿਲਟੀਜ ਦੀ ਐਡਜੈਸਟਮੈਂਟ ਉਪਰੰਤ ਹੀ ਐਡਵਾਸ ਗਰਾਂਟ ਰਲੀਜ ਕੀਤੀ ਜਾਵੇਗੀ। ਇਹ ਵੀ ਸਬੰਧਤ ਕੇਸਾਂ ਵਿੱਚ ਦਿੱਤੀਆਂ/ਕੀਤੀਆਂ ਅਰਜੀਆਂ/ਅਪੀਲਾਂ ਦਾ ਹੇਠਲੀ ਕਚਿਹਰੀ/ਹਾਈ ਕੋਰਟ/ ਸੁਪਰੀਮ ਕੋਰਟ ਦੇ ਅੰਤਰ ਨਿਰਨੇ ਤੇ ਸੰਭਵ ਹੋਵੇਗਾ।
5. ਸਹਾਇਤਾ ਗਰਾਂਟ ਦੀ ਇਹ ਰਕਮ ਪੰਜਾਬ ਸਰਕਾਰ ਵਿੱਤ ਵਿਭਾਗ ਦੀ ਨੋਟੀਫਿਕੇਸ਼ਨ ਨੰ: 9/95-86/2/ਐਫ.ਸੀ.ਆਰ./20551 ਮਿਤੀ 27-10-1986 ਦੁਆਰਾ ਸਰਕੂਲੇਟ ਕੀਤੇ ਗਏ ਨਿਯਮਾਂ ਅਨੁਸਾਰ ਖਰਚ ਕੀਤੀ ਜਾਵੇ । ਜੇ ਕਿਸੇ ਨਿਯਮ ਸ਼ਰਤ ਦੀ ਉਲੰਘਣਾ ਕੀਤੀ ਗਈ ਤਾਂ ਪ੍ਰਬੰਧਕਾਂ ਦੁਆਰਾ ਭਰੇ ਖਰਚਾ ਬ੍ਰਾਂਡ ਅਨੁਸਾਰ ਬਣਦੇ ਵਿਆਜ ਸਮੇਤ ਸਹਾਇਤਾ ਗਰਾਂਟ ਦੀ ਰਕਮ ਉਸ ਸੰਸਥਾ ਪਾਸੋਂ ਵਸੂਲ ਕਰ ਲਈ ਜਾਵੇ।
6. ਇਹ ਖਰਚਾ ਮੱਦ 2202- ਆਮ ਸਿੱਖਿਆ-02 ਸੈਕੰਡਰੀ ਸਿੱਖਿਆ-110-ਗਰਾਟ-ਇਨ-ਏਡ ਗੈਰ-ਸਰਕਾਰੀ ਸੈਕੰਡਰੀ ਸਕੂਲਾਂ ਨੂੰ ਸਹਾਇਤਾ (ਨਾਨ ਪਲਾਨ) ਖਾਤੇ ਵਿੱਚ ਪਾਇਆ ਜਾਵੇਗਾ ।
7. ਸਾਲ 2019-20 ਦੇ ਬਜਟ ਅਨੁਮਾਨ ਵਿੱਚ ਇਸ ਰਾਸੀ ਦਾ ਬਜਟ ਉਪਬੰਧ ਕੀਤਾ ਹੋਇਆ ਹੈ ।
8. ਗਰਾਂਟ ਇੰਨ ਏਡ ਕਲੇਮਾਂ ਨਾਲ ਪਿਛਲੇ ਸਾਲ ਦੀ ਆਮਦਨ ਅਤੇ ਖਰਚਾ ਸੂਚੀ ਭੇਜੀ ਜਾਵੇ।
9. ਪਾਰਟ ਟਾਈਮ ਕੰਮ ਕਰਦੇ ਕਰਮਚਾਰੀਆਂ ਦੀ ਤਨਖਾਹ/ਮਕਾਨ ਕਿਰਾਇਆ ਭੱਤਾ ਅਤੇ ਫਿਕਸ ਮੈਡੀਕਲ ਭੱਤਾ ਇਸ ਸਰਤ ਤੇ ਪਾਸ ਕੀਤਾ ਜਾਂਦਾ ਹੈ ਕਿ ਭਵਿਖ ਵਿੱਚ ਰਿਵਾਇਜ ਤਨਖਾਹ ਅਤੇ ਭੱਤਿਆਂ ਦੀ ਐਡਜੈਸਟਮੈਂਟ/ਰਿਕਵਰੀ ਡਾਇਰੈਕਟਰ (ਪ੍ਰਾ.ਏ.ਸ.)/ਸਰਕਾਰ ਦੇ ਅੰਤਿਮ ਨਿਰਨੇ ਅਨੁਸਾਰ ਕੀਤੀ ਜਾਵੇਗੀ ।
10. ਤਸਦੀਕ ਕੀਤਾ ਜਾਂਦਾ ਹੈ ਕਿ ਪੰਜਾਬ ਸਰਕਾਰ ਵਿੱਤ ਵਿਭਾਗ ਦੇ ਪੱਤਰ ਨੰ: 6/34/96-2/ਐਫ.ਸੀ.ਆਰ./9214 ਮਿਤੀ 15-11-1996 ਦੀ ਪਾਲਣਾ ਕਰਦੇ ਹੋਏ ਪੋਸਟ ਆਡਿਟ ਵਲੋਂ ਕੀਤੇ ਪ੍ਰੇਖਣਾ (ਅਵਜਰਜਵੇਸਨ) ਅਨੁਸਾਰ ਕਲੇਮ ਪਾਸ ਕਰਦੇ ਹੋਏ ਧਿਆਨ ਵਿੱਚ ਰਖਿਆ ਗਿਆ ਹੈ ਅਤੇ ਜਿਹੜੀ ਰਿਕਵਰੀ ਬਣਦੀ ਸੀ, ਐਡਜੈਸਟਮੈਂਟ ਕਰ ਲਈ ਗਈ ਹੈ ।
11. ਸੰਸਥਾ ਵਲੋਂ ਬਿਲਡਿੰਗ ਸੇਫਟੀ ਸਰਟੀਫਿਕੇਟ ਪ੍ਰਾਪਤ ਕਰਨ ਤੋਂ ਬਾਅਦ ਗਰਾਂਟ ਰਲੀਜ ਕੀਤੀ ਜਾਵੇ ।

**ਸਹਾਇਕ ਡਾਇਰੈਕਟਰ (ਪ੍ਰ.ਏ.ਸ)**
**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.)**
**ਪੰਜਾਬ**

12. ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਗ੍ਰਾਂਟ ਜਾਰੀ ਕਰਨ ਤੋਂ ਪਹਿਲਾਂ ਇਹ ਯਕੀਨੀ ਬਨਾਉਣ ਕਿ ਡੀ.ਡੀ.ਓ ਵੱਲੋ ਸਰਕਾਰ ਦੇ ਮਿਥੇ ਨਾਰਮ ਅਨੁਸਾਰ ਪੀਰੀਅਡ ਅਤੇ ਬੱਚਿਆ ਦੀ ਗਿਣਤੀ ਠੀਕ ਹੈ, ਜਿਸ ਉਪਰੰਤ ਨਾਰਮ ਅਨੁਸਾਰ ਅਦਾਇਗੀ ਕੀਤੀ ਜਾਵੇ।

13. ਇਸ ਮੰਨਜੂਰੀ ਤੇ ਏ ਜੀ ਪੰਜਾਬ /ਆਡਿਟ ਪਾਰਟੀ ਦੇ ਆਡਿਟ ਤੇ ਨਿਰਭਰ ਹੋਵੇਗੀ ਦਾ ਅਸਰ ਪਵੇਗਾ। ਆਡਿਟ ਪੈਰ੍ਹੇ ਸੈਟਲ ਹੋਣ ਉਪਰੰਤ ਹੀ ਅਦਾਇਗੀ ਕੀਤੀ ਜਾਵੇਗੀ।

**14.** ਵਿਵਰਣ ਸੂਚੀ ਵਿੱਚ ਦਰਜ ਬਕਾਏ ਜਾਰੀ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾਇਆ ਜਾਵੇ ਕਿ ਇਹ ਅਦਾਇਗੀ ਪਹਿਲਾਂ ਨਹੀਂ ਕੀਤੀ ਗਈ। ਡਬਲ ਅਦਾਇਗੀ ਹੋਣ ਦੀ ਸੂਰਤ ਵਿੱਚ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)/ ਸਕੂਲ ਮੁੱਖੀ ਜਿੰਮੇਵਾਰ ਹੋਣਗੇ।

15. ਜਿਹੜੇ ਸਕੂਲਾਂ ਵਿੱਚ ਕਾਰਸਪਾਡੈਂਟ ਨਹੀਂ ਹਨ ਉਥੇ ਗ੍ਰਾਂਟ ਸ਼ਾਖਾ ਦੇ ਹੁਕਮ ਨੰ. 17/30-2006 ਗ੍ਰਾਂਟ -1(1) ਮਿਤੀ 14.08.2006 ਅਨੁਸਾਰ ਕਾਰਵਾਈ ਕੀਤੀ ਜਾਵੇ। (ਕਾਪੀ ਨੱਥੀ)

16. ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਮੇ ਸਮੇ ਸਿਰ ਕਰਮਚਾਰੀਆਂ ਦੇ ਬਣਦੇ ਇਨਕਮ ਟੈਕਸ ਕੱਟਣ ਦੀ ਜਿੰਮੇਵਾਰੀ ਡੀ.ਡੀ.ਓਜ. ਦੀ ਹੋਵੇਗੀ ਅਤੇ ਏਰੀਅਰ ਦੀ ਰਾਸ਼ੀ ਵਿੱਚੋਂ ਐਨ.ਐਸ.ਸੀ. ਦੀ ਖਰੀਦ ਸਬੰਧੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸ) ਜਿੰਮੇਵਾਰ ਹੋਣਗੇ।

17. ਅਦਾਇਗੀ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾਇਆ ਜਾਵੇ ਕਿ ਰਿਵਾਇਜਡ ਪੇ ਫਿਕਸੇਸ਼ਨ ਅਨੁਸਾਰ 01.01.2006 ਤੋਂ 31.03.2011 ਦੇ ਕਲੇਮਾਂ ਵਿੱਚ ਜੋ ਡਿਊ ਡਰਾਨ ਦਰਸਾਏ ਗਏ ਹਨ ਉਹ ਰੂਲ ਅਤੇ ਹਦਾਇਤਾਂ ਅਨੁਸਾਰ ਬਿਲਕੁਲ ਦਰੁਸਤ ਹਨ। ਜੇਕਰ ਕਿਸੇ ਕਿਸਮ ਦੀ ਵੱਧ ਅਦਾਇਗੀ ਹੋ ਜਾਂਦੀ ਹੈ ਤਾਂ ਜਿਲ੍ਹਾ ਸਿੱਖਿਆ ਅਫਸਰ/ ਡੀ.ਡੀ.ਓ. ਉਹ ਰਕਮ ਮੋੜਨ/ ਰਿਕਵਰੀ ਆਪਣੇ ਪੱਧਰ ਤੇ ਕਰਨਗੇ ਅਤੇ ਕੋਈ ਵੀ ਤਰੁੱਟੀ ਰਹਿ ਜਾਣ ਦੀ ਸੂਰਤ ਵਿੱਚ ਉਹ ਨਿੱਜੀ ਪੱਧਰ ਤੇ ਜਿੰਮੇਵਾਰ ਹੋਣਗੇ।

18. ਸੀ.ਪੀ. ਫੰਡ ਦੀ ਰਾਸ਼ੀ ਸਬੰਧਤ ਹੈੱਡ ਵਿੱਚ ਜਮ੍ਹਾਂ ਕਰਵਾਈ ਜਾਵੇ ਅਤੇ ਸਮਾਂ 31.05.2003 ਤੋਂ ਬਾਅਦ ਜੋ ਰਾਸ਼ੀ ਸੀ.ਪੀ. ਫੰਡ ਹੈਡ ਵਿੱਚ ਪਹਿਲਾਂ ਹੀ ਜਮ੍ਹਾਂ ਹੈ ਉਸ ਸਮੇਂ ਦੀ ਜੇਕਰ ਕੋਈ ਵੱਧ ਰਕਮ ਬਣਦੀ ਹੈ ਤਾਂ ਉਹ ਵੱਧ ਰਕਮ ਤੁਰੰਤ ਚਲਾਨ ਰਾਹੀਂ ਖਜਾਨੇ ਵਿੱਚ ਜਮਾਂ ਕਰਵਾਈ ਜਾਵੇ ਅਤੇ ਡਾਇਰੈਕਟੋਰੇਟ ਨੂੰ ਸੂਚਿਤ ਕੀਤਾ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ ਡੀ.ਡੀ.ਓ. ਜਿੰਮੇਵਾਰ ਹੋਣਗੇ।

**ਇੰਦਰਜੀਤ ਸਿੰਘ**
**ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:)**
**ਪੰਜਾਬ**

## ਵਿਵਰਣ ਸੂਚੀ

ਜਿਲਾ ਲੁਧਿਆਣਾ ਦੇ ਪ੍ਰਾਈਵੇਟ ਪ੍ਰਬੰਧ ਅਧੀਨ ਪੱਕੇ ਤੌਰ ਤੇ ਮਾਨਤਾ ਅਤੇ ਸਹਾਇਤਾ ਪ੍ਰਾਪਤ ਸਕੈਂਡਰੀ ਸਕੂਲਾਂ ਨੂੰ ਉਨ੍ਹਾਂ ਦੇ ਨਾਵਾਂ ਸਾਹਮਣੇ ਦਰਸਾਏ ਸਮਾਂ ਮਾਰਚ **2019** ਲਈ ਅਦਾਇਗੀ ਯੋਗ ਐਡਵਾਂਸ ਗ੍ਰਾਂਟ ਦੀ ਰਾਸ਼ੀ ਦਾ ਵੇਰਵਾ ਮਾਲੀ ਸਾਲ 2019-20

| ਲੜੀ ਨੰ. | ਸਕੂਲ ਦਾ ਨਾਮ | ਮਾਰਚ ਦੀ ਜਾਰੀ ਕਰਨ ਯੋਗ ਗ੍ਰਾਂਟ 2019 |
|---|---|---|
| 1 | ਐਸ ਸੀਨੀਅਰ .ਪੀ.ਡੀ.ਸੈਕੰਡਰੀ ਸਕੂਲਲੁਧਿਆਣਾ ,ਹਜੂਰੀ ਰੋਡ , | 1260160 |
| 2 | ਸਰਗੋਧਾ ਖਾਲਸਾ ਗਰਲਜ਼ ਸੀਨੀਅਰ ਸੈਕੰਡਰੀ ਸਕੂਲਕਾਮਰਾਨ , ਲੁਧਿਆਣਾ ,ਰੋਡ | 364944 |
| 3 | ਖਾਲਸਾ ਹਾਈ ਸਕੂਲਲੁਧਿਆਣਾ ,ਮਾਦਪੁਰ , | 97656 |
| 4 | ਜੀਖੰਨਾ - ਰਹੌਣ ,ਨੈਸ਼ਨਲ ਹਾਈ ਸਕੂਲ .ਬੀ.ਟੀ. | 167993 |
| | ਕੁੱਲ ਜੋੜ | 1890753 |

**<u>ਸਕੈਂਡਰੀ ਸਿਖਿਆ</u>**

**ਅਦਾਇਗੀ ਯੋਗ ਮਿਲਣ ਵਾਲੀ ਗ੍ਰਾਂਟ**

**ਬਾਬਤ ਸਮਾਂ** ਮਾਰਚ 2019 ਦੀ ਤਨਖਾਹ - 18,90,753/-

(ਕੇਵਲ ਅਠਾਰ੍ਹਾਂ ਲੱਖ ਨੱਬੇ ਹਜਾਰ ਸੱਤ ਸੌ ਤਰਵੰਜਾ ਰੁਪਏ)

ਸਹਾਇਕ ਡਾਇਰੈਕਟਰ (ਪ੍ਰਾ.ਏ.ਸ.)
ਦਫ਼ਤਰ ... ਸਿੱਖਿਆ ਵਿਭਾਗ (ਸੈ.ਸਿ)

ਪਿਠ ਅੰਕਣ ਨੰ: ਉਕਤ 2019202415-17 ਮਿਤੀ,ਐਸ.ਏ.ਐਸ.ਨਗਰ:16/7/2019

ਉਤਾਰਾ ਸਮੇਤ ਸਹਾਇਤਾ ਗਰਾਂਟ ਵਿਵਰਣ ਦੇ ਨਿਮਨਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਜਿਲਾ ਸਿਖਿਆ ਅਫਸਰ (ਸੈ:ਸਿ:) ਲੁਧਿਆਣਾ, ਨੂੰ ਸਮੇਤ ਵਾਧੂ ਕਾਪੀ ਭੇਜੀ ਜਾਂਦੀ ਹੈ, ਉਹਨਾਂ ਦੁਆਰਾ ਸਹਾਇਤਾ ਗਰਾਂਟ ਦੇ ਬਿਲ ਪ੍ਰਤੀ ਹਸਤਾਖਰ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾਇਆ ਜਾਵੇ ਕਿ 1-12-1967 ਤੋਂ ਪਹਿਲਾਂ ਜਾਂ ਬਾਅਦ ਵਿੱਚ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਸੰਸਥਾਵਾਂ ਨੂੰ ਪ੍ਰਵਾਨਿਤ ਵਿਸ਼ੇਸ਼ ਗਰਾਂਟ, ਅੰਤਿਮ ਰਾਹਤ ਅਤੇ ਨਵੇਂ ਗਰੇਡਾਂ ਆਦਿ ਦੇ ਕਾਰਸਪੋਂਡੈਂਟ ਦਾ ਨਾਮ ਬਦਲ ਗਿਆ ਹੈ ਜਾਂ ਵਿਵਰਣ ਸੂਚੀ ਵਿੱਚ ਨਾਂ ਠੀਕ ਨਹੀਂ ਦਸਿਆ ਗਿਆ ਤਾਂ ਸਕੂਲ ਅਧਿਕਾਰੀ ਨੂੰ ਆਖਿਆ ਜਾਵੇ ਕਿ ਇਸ ਦਫਤਰ ਨੂੰ ਨਹੀਂ ਸਗੋਂ ਜਿਲਾ ਸਿਖਿਆ ਅਫਸਰ (ਸੈ:ਸਿ:) ਨੂੰ ਸੰਬੰਧਿਤ ਕਰਕੇ ਖਜਾਨਾ ਅਫਸਰ ਤੇ ਮਹਾਲੇਖਾਕਾਰ ਪੰਜਾਬ, ਚੰਡੀਗੜ੍ਹ ਨੂੰ ਸੂਚਿਤ ਕਰਨ ਲਈ ਲਿਖਣ। ਇਸ ਗੱਲ ਦੀ ਪੁਸਟੀ ਕਰ ਲਈ ਜਾਵੇ ਕਿ ਕਾਰਸਪੋਂਡੈਂਟ ਇਸੇ ਵਿਭਾਗ ਵਲੋਂ ਪ੍ਰਵਾਨਿਤ ਕੀਤਾ ਗਿਆ ਹੋਵੇ, ਉਹਨਾਂ ਸਕੂਲਾਂ ਦੀ ਗਰਾਂਟ ਰਲੀਜ ਨਾ ਕੀਤੀ ਜਾਵੇ, ਜਿਨ੍ਹਾਂ ਨੇ ਇਸ ਦਫਤਰ ਦੇ ਮੀਮੋ ਨੰ: 1/168 ਗਰਾਂਟ-1 ਮਿਤੀ 1-12-1967 ਰਾਹੀਂ ਭੇਜੇ ਗਏ ਪ੍ਰਫਾਰਮਿਆਂ ਦੇ ਸਬੰਧ ਵਿੱਚ ਲਿਖਤੀ ਤੌਰ ਤੇ ਗਰਾਂਟ ਤੇ ਅੰਡਰਟੇਕਿੰਗ ਨਹੀਂ ਭੇਜੀ, ਸਹਾਇਤਾ ਗਰਾਂਟ ਦੇ ਪ੍ਰਤੀ ਹਸਤਾਖਰ ਕਰਨ ਤੋਂ ਪਹਿਲਾਂ ਜਿਲਾ ਸਿਖਿਆ ਅਫਸਰ (ਸੈ:ਸਿ:) ਇਹਨਾਂ ਗੱਲਾਂ ਬਾਰੇ ਤਸਦੀਕ ਕਰਨਗੇ :-

ੳ) ਕਿ ਉਹ ਸਕੂਲ ਪ੍ਰਾਇਮਰੀ ਵਿਭਾਗ ਸਮੇਤ ਜੋ ਕੋਈ ਹੋਵੇ ਮੰਨਜੂਰਸੁਦਾ ਹੈ ।

ਅ) ਕਿ ਉਹੀ ਸਾਰਾ ਸਟਾਫ ਜਿਸ ਲਈ ਗਰਾਂਟ ਕਲੇਮ ਕੀਤੀ ਗਈ ਹੈ, ਵਿਭਾਗ ਵਲੋਂ ਸਮੇਂ ਸਿਰ ਜਾਰੀ ਕੀਤੀਆਂ ਹੋਈਆਂ ਹਦਾਇਤਾਂ ਮੁਤਾਬਿਕ ਸਿਖਿਅਕ ਅਤੇ ਯੋਗਤਾ ਪ੍ਰਾਪਤ ਹੋਵੇ ।

ੲ) ਕਿ ਉਸ ਸਕੂਲ ਦੇ ਖਿਲਾਫ ਕੋਈ ਗੰਭੀਰ ਸਿਕਾਇਤ ਨਹੀ, ਜਿਸ ਬਾਰੇ ਸਹਾਇਤਾ ਗਰਾਂਟ ਮੰਨਜੂਰ ਕੀਤੀ ਗਈ ਹੈ।

ਸ) ਕਿ ਸਕੂਲ ਨਾਲ ਲਾਈਆਂ ਪ੍ਰਾਇਮਰੀ ਕਲਾਸਾਂ ਪਾਸੋਂ ਕੋਈ ਫੀਸ ਨਹੀਂ ਲਈ ਜਾਂਦੀ ।

ਹ) ਉਹ ਅਗਲੀ ਤਿਮਾਹੀ ਦੇ ਕਲੇਮ ਭੇਜਣ ਸਮੇਂ ਜਾਰੀ ਕੀਤੀ ਗਈ ਰਾਸੀ ਦੇ ਵਰਤੋਂ ਸਰਟੀਫਿਕੇਟ ਦੇ ਨਾਲ ਨਾਲ ਇਹ ਵੀ ਤਸਦੀਕ ਕਰਨਗੇ ਕਿ ਇਸ ਰਾਸੀ ਦੀ ਰੂਲਾਂ ਅਨੁਸਾਰ ਅਦਾਇਗੀ ਸਬੰਧੀ ਸਕੂਲ ਦਾ ਰਿਕਾਰਡ ਵੈਰੀਫਾਈ ਕਰ ਲਿਆ ਗਿਆ ਹੈ ਅਤੇ ਠੀਕ ਪਾਇਆ ਗਿਆ। ਜੇਕਰ ਘੱਟ ਅਦਾਇਗੀ ਕਰਨ ਸਬੰਧੀ ਭਵਿੱਖ ਵਿੱਚ ਕੋਈ ਸੂਚਨਾ ਵਿਭਾਗ ਦੇ ਨੋਟਿਸ ਵਿੱਚ ਆਈ ਤਾਂ ਉਸ ਲਈ ਉਹ ਨਿੱਜੀ ਤੌਰ ਤੇ ਜਿੰਮੇਵਾਰ ਹੋਣਗੇ ਅਤੇ ਇਸ ਬਾਰੇ ਜਿਲੇ ਦੇ ਐਸ.ਓ. ਅਤੇ ਆਡੀਟਰ ਵੀ ਬਰਾਬਰ ਦੇ ਜਿੰਮੇਵਾਰ ਹੋਣਗੇ।

2. ਅਡੀਸਨਲ ਡਾਇਰੈਕਟਰ ਵਿੱਤ ਵਿਭਾਗ ਪੰਜਾਬ, ਅੰਦਰੂਨੀ ਪੜਤਾਲ ਸੰਸਥਾ (ਮਾਲ) ਵਿੱਤ ਅਤੇ ਯੋਜਨਾ ਭਵਨ ਸੈਕਟਰ 33, ਚੰਡੀਗੜ੍ਹ ।
3. ਜਿਲਾ ਖਜਾਨਾ ਅਫਸਰ/ ਲੁਧਿਆਣਾ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ, ਇਹਨਾਂ ਦੇ ਕਾਰਸਪੋਂਡੈਂਟ ਨੂੰ ਚਾਲੂ ਮਾਲੀ ਸਾਲ 2019-20 ਦੇ ਖਤਮ ਹੋਣ ਤੋਂ ਪਹਿਲਾਂ-ਪਹਿਲਾਂ ਅਦਾਇਗੀ ਕਰ ਦਿੱਤੀ ਜਾਵੇ।
4. ਮਹਾਂਲੇਖਾਕਾਰ ਪੰਜਾਬ, ਚੰਡੀਗੜ੍ਹ (ਆਡਿਟ) ।
5. ਮਹਾਂਲੇਖਾਕਾਰ ਪੰਜਾਬ, ਚੰਡੀਗੜ੍ਹ (ਏ.ਐਡ.ਈ.) ਡੀ.ਸੀ. - 8 ਸਾਖਾ ।
6. ਸਬੰਧਤ ਸਕੂਲਾਂ ਦੇ ਕਾਰਸਪੋਂਡੈਂਟ/ਸਬੰਧਤ ਜਿਲਾ ਸਿਖਿਆ ਅਫਸਰ (ਸੈ:ਸਿ:) ਤੋਂ ਐਸ.ਟੀ.ਆਰ.-52 ਦੇ ਮਿਆਦੀ ਫਾਰਮ ਤੇ ਪ੍ਰਤੀ ਹਸਤਾਖਰ ਕਰਵਾ ਕੇ ਚਾਲੂ ਸਾਲ ਦੇ ਖਤਮ ਹੋਣ ਤੋਂ ਪਹਿਲਾਂ-ਪਹਿਲਾਂ ਰਕਮ ਖਜਾਨੇ ਤੋਂ ਕਢਵਾ ਲਈ ਜਾਵੇ, ਖਜਾਨੇ ਦੇ ਵਾਊਚਰ ਨੰ: ਅਤੇ ਮਿਤੀ ਇਸ ਦਫਤਰ ਨੂੰ ਸਿੱਧੇ ਹੀ ਸੂਚਿਤ ਕੀਤਾ ਜਾਵੇ, ਜਿਨ੍ਹਾਂ ਵੱਲੋਂ ਗਰਾਂਟ ਦੀ ਪ੍ਰਵਾਨਗੀ ਲੈਪਸ ਕਰਵਾ ਦਿੱਤੀ ਜਾਵੇਗੀ। ਉਹਨਾਂ ਲਈ ਕੋਈ ਕਲੇਮ ਨਹੀ ਮੰਨਿਆ ਜਾਵੇਗਾ। ਇਹ ਯਕੀਨੀ ਬਣਾਇਆ ਜਾਵੇ ਕਿ ਅਜਿਹੇ ਕਿਸੇ ਕਰਮਚਾਰੀ ਨੂੰ ਅਦਾਇਗੀ ਨਹੀਂ ਕੀਤੀ ਗਈ। ਜਿਸ ਦੀ ਨਿਯੁਕਤੀ ਵਿਭਾਗ ਦੁਆਰਾ ਮੰਨਜੂਰ ਨਹੀਂ ਹੋਈ ।
7. ਡਿਪਟੀ ਕੰਟਰੋਲਰ (ਵਿ.ਤੇ ਲੇ.) ਅੰਦਰੂਨੀ ਪੜਤਾਲ ਸੰਸਥਾ ਲੁਧਿਆਣਾ /ਲੋਕਲ
8. ਸਬੰਧਤ ਬਜਟ ਸਹਾਇਕ ਨੂੰ ਬਜਟ ਉਪਬੰਧ ਲਈ।

ਬਿਲਡਿੰਗ ਸੇਫਟੀ ਸਰਟੀਫਿਕੇਟ ਸਰਕਾਰ ਦੇ ਪੱਤਰ ਨੰ: 16/4/80-ਸਸਿ3/1508 ਮਿਤੀ 20-7-1990 ਜਾਰੀ ਹਦਾਇਤਾਂ ਅਨੁਸਾਰ ਸਮਰੱਥ ਅਧਿਕਾਰੀ ਪਾਸੋਂ ਪ੍ਰਾਪਤ ਕੀਤਾ ਜਾਵੇ । ਜਿਲਾ ਸਿਖਿਆ ਅਫਸਰ (ਸੈ:ਸਿ:) ਸੰਸਥਾਵਾਂ ਦੇ ਮੁਖੀਆ ਪਾਸੋਂ ਇਹ ਸਰਟੀਫਿਕੇਟ ਲੈ ਲਵੇ ਕਿ ਸਕੂਲ ਇਮਾਰਤਾਂ ਦੇ ਅਣ-ਸੁਰੱਖਿਅਤ ਹਿੱਸੇ ਨੂੰ ਕਲਾਸ ਰੂਮ ਵਲੋਂ ਨਹੀਂ ਵਰਤਿਆ ਜਾ ਰਿਹਾ ਹੈ ਅਤੇ ਇਹ ਵੀ ਕਿ ਵਿਦਿਆਰਥੀਆਂ ਨੂੰ ਅਣ-ਸੁਰੱਖਿਅਤ ਵਰਾਂਡਿਆਂ ਵਿੱਚ ਜਾਣ ਦੀ ਇਜਾਜਤ ਨਹੀਂ ਹੈ ।

ਸਹਾਇਕ ਡਾਇਰੈਕਟਰ (ਪ੍ਰਾ.ਏ.ਸ.)
ਦਫਤਰ ਡਾਇਰੈਕਟਰ ... ਵਿਭਾਗ (ਸੈ.ਸਿ)
ਪੰਜਾਬ